# ਜਾਇੰਟ ਹੌਗਵੀਡ

## Giant hogweed

### ਜਾਇੰਟ ਹੌਗਵੀਡ ਕੀ ਹੈ?

ਜਾਇੰਟ ਹੌਗਵੀਡ ਇੱਕ ਅਣਚਾਹੇ ਜਾਂ ਨੁਕਸਾਨਦੇਹ ਤਰੀਕੇ ਨਾਲ ਫੈਲਣ ਵਾਲਾ ਪੌਦਾ ਹੈ, ਭਾਵ ਇਹ ਕੈਨੇਡਾ ਦਾ ਮੂਲ ਨਿਵਾਸੀ ਨਹੀਂ ਹੈ। ਇਸ ਵਿੱਚ ਖ਼ਤਰਨਾਕ, ਜ਼ਹਿਰੀਲਾ ਰਸ ਹੁੰਦਾ ਹੈ ਅਤੇ ਇਹ ਤੇਜ਼ੀ ਨਾਲ ਫੈਲ ਸਕਦਾ ਹੈ, ਜਿਸ ਨਾਲ ਲੋਕਾਂ ਨੂੰ ਗੰਭੀਰ ਸੱਟ ਲੱਗਣ ਦਾ ਖ਼ਤਰਾ ਹੁੰਦਾ ਹੈ।



ਜਾਇੰਟ ਹੌਗਵੀਡ ਇੱਕ ਵੱਡਾ ਪੌਦਾ ਹੈ ਜੋ 10 ਸੈਂਟੀਮੀਟਰ ਤੱਕ ਦੇ ਮੋਟੇ ਡੰਡਿਆਂ ਦੇ ਨਾਲ 5 ਮੀਟਰ ਤੱਕ ਉੱਚਾ ਹੋ ਸਕਦਾ ਹੈ। ਇਸਦੇ ਪੱਤਿਆਂ 'ਤੇ ਵੱਡੇ, ਆਰੇ ਵਰਗੇ ਕਿਨਾਰੇ ਹੁੰਦੇ ਹਨ, ਅਤੇ ਇਸਦੇ ਡੰਡਿਆਂ 'ਤੇ ਜਾਮਨੀ ਧੱਬੇ ਅਤੇ ਸਖ਼ਤ ਵਾਲ ਜਿਹੇ ਹੁੰਦੇ ਹਨ। ਜਦੋਂ ਇਹ ਖਿੜਦਾ ਹੈ (ਜੋ ਆਮ ਤੌਰ 'ਤੇ ਜੂਨ ਦੇ ਅੱਧ ਦੇ ਆਸਪਾਸ ਹੁੰਦਾ ਹੈ), ਤਾਂ ਇਸ ਵਿੱਚ ਛੋਟੇ ਚਿੱਟੇ ਫੁੱਲ ਹੁੰਦੇ ਹਨ ਜੋ ਛਤਰੀ ਦੇ ਆਕਾਰ ਵਿੱਚ ਇਕੱਠੇ ਹੁੰਦੇ ਹਨ।

ਜਾਇੰਟ ਹੌਗਵੀਡ ਅਤੇ ਹੋਰ ਸਮਾਨ ਦਿੱਖ ਵਾਲੇ ਪੌਦਿਆਂ ਦੀ ਪਛਾਣ ਬਾਰੇ ਗਾਈਡ ਲਈ, ਇੱਥੇ ਜਾਓ:

- www2.gnb.ca/content/dam/gnb/Departments/10/pdf/Agriculture/GiantHogweed.pdf (PDF, 865 KB)
- https://fviss.ca/lookalike-hogweed
- https://bcinvasives.ca/wp-content/uploads/2020/12/Giant_Hogweed_TIPS_2017_WEB.pdf (PDF, 758 KB)

### ਤੁਹਾਨੂੰ ਜਾਇੰਟ ਹੌਗਵੀਡ ਕਿੱਥੇ ਮਿਲ ਸਕਦਾ ਹੈ?

ਜਾਇੰਟ ਹੌਗਵੀਡ ਉੱਥੇ ਉੱਗਦਾ ਹੈ ਜਿੱਥੇ ਮਿੱਟੀ ਨਮੀ ਵਾਲੀ ਹੁੰਦੀ ਹੈ, ਜਿਵੇਂ ਕਿ ਨਾਲਿਆਂ ਦੇ ਨੇੜੇ ਅਤੇ ਟੋਇਆਂ ਵਿੱਚ। ਇਹ ਚਰਾਗਾਹਾਂ, ਖੁੱਲ੍ਹੇ ਜੰਗਲਾਂ, ਸੜਕਾਂ ਦੇ ਕਿਨਾਰਿਆਂ ਅਤੇ ਬਿਨਾਂ ਰੱਖ-ਰਖਾਅ ਵਾਲੇ ਖਾਲੀ ਪਲਾਟਾਂ ਵਿੱਚ ਵੀ ਉੱਗ ਸਕਦਾ ਹੈ। ਇਹ ਜ਼ਿਆਦਾ ਧੁੱਪ ਵਾਲੇ ਸ਼ਾਂਤ ਖੇਤਰਾਂ ਵਿੱਚ ਵਧਣਾ ਪਸੰਦ ਕਰਦਾ ਹੈ। ਬੀ.ਸੀ. ਵਿੱਚ, ਜਾਇੰਟ ਹੌਗਵੀਡ ਮੁੱਖ ਤੌਰ 'ਤੇ ਤੱਟ ਦੇ ਨੇੜੇ ਪਾਇਆ ਜਾਂਦਾ ਹੈ, ਜਿਸ ਵਿੱਚ ਵੈਨਕੂਵਰ ਆਈਲੈਂਡ, ਗਲਫ ਆਈਲੈਂਡ ਅਤੇ ਲੋਅਰ ਮੇਨਲੈਂਡ ਸ਼ਾਮਲ ਹਨ।

ਜਾਇੰਟ ਹੌਗਵੀਡ ਬਹੁਤ ਤੇਜ਼ੀ ਨਾਲ ਵਧ ਸਕਦਾ ਹੈ, ਪਹਿਲੇ ਸਾਲ ਵਿੱਚ ਇੱਕ ਮੀਟਰ ਤੱਕ ਉੱਚਾ ਹੋ ਜਾਂਦਾ ਹੈ। ਇਹ ਤੇਜ਼ੀ ਨਾਲ ਫੈਲ ਵੀ ਸਕਦਾ ਹੈ। ਹਰੇਕ ਪੌਦਾ ਹਜ਼ਾਰਾਂ ਬੀਜ ਬਣਾਉਂਦਾ ਹੈ। ਬੀਜ ਆਮ ਤੌਰ 'ਤੇ ਪੌਦੇ ਤੋਂ 10 ਮੀਟਰ ਦੀ ਦੂਰੀ ਦੇ ਅੰਦਰ ਡਿੱਗਦੇ ਹਨ ਪਰ ਇਹਨਾਂ ਨੂੰ ਚੱਲਦੇ ਪਾਣੀ ਦੁਆਰਾ 3 ਦਿਨਾਂ ਤੱਕ ਵੀ ਲਿਜਾਇਆ ਜਾ ਸਕਦਾ ਹੈ।

### ਇਹ ਖ਼ਤਰਨਾਕ ਕਿਉਂ ਹੈ?

ਜਾਇੰਟ ਹੌਗਵੀਡ ਦੇ ਡੰਡਿਆਂ, ਤਣਿਆਂ ਅਤੇ ਪੱਤਿਆਂ ਵਿੱਚ ਇੱਕ ਸਾਫ਼ ਰਸ ਹੁੰਦਾ ਹੈ। ਜੇਕਰ ਇਹ ਰਸ ਤੁਹਾਡੀ ਚਮੜੀ 'ਤੇ ਲੱਗ ਜਾਂਦਾ ਹੈ ਅਤੇ ਫਿਰ ਸੂਰਜ ਦੀ ਰੌਸ਼ਨੀ ਜਾਂ ਯੂਵੀ ਰੋਸ਼ਨੀ ਦੇ ਸੰਪਰਕ ਵਿੱਚ ਆਉਂਦਾ ਹੈ, ਤਾਂ ਇਸ ਨਾਲ ਲਾਲੀ, ਸੋਜ, ਛਾਲੇ ਜਾਂ ਬਰਨ ਹੋ ਜਾਣਗੇ। ਛਾਲਿਆਂ ਨੂੰ ਦਿਖਾਈ ਦੇਣ ਵਿੱਚ 48 ਘੰਟੇ ਲੱਗ ਸਕਦੇ ਹਨ। ਲਗਭਗ ਇੱਕ ਹਫ਼ਤੇ ਬਾਅਦ, ਪ੍ਰਭਾਵਿਤ ਚਮੜੀ ਕਾਲੀ ਹੋ ਸਕਦੀ ਹੈ ਜਾਂ ਦਾਗ ਪੈ ਸਕਦੇ ਹਨ, ਜੋ ਮਹੀਨਿਆਂ ਜਾਂ ਸਾਲਾਂ ਤੱਕ ਰਹਿ ਸਕਦੇ ਹਨ। ਜੇਕਰ ਇਹ ਰਸ ਤੁਹਾਡੀਆਂ ਅੱਖਾਂ ਵਿੱਚ ਚਲਾ ਜਾਂਦਾ ਹੈ, ਤਾਂ ਇਹ ਅਸਥਾਈ ਜਾਂ ਸਥਾਈ ਅੰਨ੍ਹਾਪਣ ਦਾ ਕਾਰਨ ਬਣ ਸਕਦਾ ਹੈ।

### ਜੇ ਮੈਂ ਰਸ ਨੂੰ ਛੂਹਾਂ ਤਾਂ ਕੀ ਹੋਵੇਗਾ?

- ਰਸ ਦੇ ਸੰਪਰਕ ਵਿੱਚ ਆਏ ਹੋ ਸਕਣ ਵਾਲੇ ਕੋਈ ਵੀ ਕੱਪੜਿਆਂ ਨੂੰ ਧਿਆਨ ਨਾਲ ਉਤਾਰੋ
- ਪ੍ਰਭਾਵਿਤ ਚਮੜੀ ਨੂੰ ਤੁਰੰਤ ਸਾਬਣ ਅਤੇ ਪਾਣੀ ਨਾਲ ਧੋਵੋ
- ਪ੍ਰਭਾਵਿਤ ਚਮੜੀ ਨੂੰ ਘੱਟੋ-ਘੱਟ 48 ਘੰਟਿਆਂ ਲਈ ਯੂਵੀ ਅਤੇ ਧੁੱਪ ਤੋਂ ਦੂਰ ਰੱਖੋ, ਭਾਵੇਂ ਤੁਹਾਨੂੰ ਲੱਛਣ ਨਾ ਵੀ ਹੋਣ
- ਜੇਕਰ ਤੁਹਾਨੂੰ ਧੱਫੜ ਜਾਂ ਛਾਲੇ ਹੋਣ ਲੱਗ ਪੈਂਦੇ ਹਨ, ਤਾਂ ਡਾਕਟਰੀ ਸਹਾਇਤਾ ਲਓ। ਤੁਹਾਨੂੰ ਜਲਣ ਘਟਾਉਣ ਲਈ ਜਲੂਣ-ਵਿਰੋਧੀ

ਕਰੀਮ (ਜਿਵੇਂ ਕਿ 0.5% ਹਾਈਡ੍ਰੋਕਾਰਟੀਸੋਨ ਕਰੀਮ) ਦਿੱਤੀ ਜਾ ਸਕਦੀ ਹੈ

- ਸੰਪਰਕ ਤੋਂ ਬਾਅਦ ਘੱਟੋ-ਘੱਟ ਕੁਝ ਮਹੀਨਿਆਂ ਲਈ ਪ੍ਰਭਾਵਿਤ ਚਮੜੀ 'ਤੇ ਘੱਟੋ-ਘੱਟ 30 ਦੇ ਸਨ ਪ੍ਰੋਟੈਕਸ਼ਨ ਫੈਕਟਰ (SPF) ਵਾਲਾ ਸਨਬਲਾਕ ਲਗਾਓ
- ਜੇਕਰ ਇਹ ਰਸ ਤੁਹਾਡੀਆਂ ਅੱਖਾਂ ਵਿੱਚ ਚਲਾ ਜਾਂਦਾ ਹੈ, ਤਾਂ ਉਹਨਾਂ ਨੂੰ ਘੱਟੋ-ਘੱਟ 10 ਮਿੰਟਾਂ ਲਈ ਸਾਫ਼ ਪਾਣੀ ਨਾਲ ਧੋਵੋ, ਗੂੜ੍ਹੇ ਰੰਗ ਦੇ ਲੈਂਸਾਂ ਵਾਲੀਆਂ ਧੁੱਪ ਦੀਆਂ ਐਨਕਾਂ ਲਗਾਓ ਅਤੇ ਜਿੰਨੀ ਜਲਦੀ ਹੋ ਸਕੇ ਡਾਕਟਰੀ ਸਹਾਇਤਾ ਲਓ
- ਰਸ ਲਗੇ ਹੋਏ ਕੱਪੜਿਆਂ ਨੂੰ ਲਾਂਡਰੀ ਵਿੱਚ ਧੋਤਾ ਜਾ ਸਕਦਾ ਹੈ

## ਜੇ ਮੈਨੂੰ ਜਾਇੰਟ ਹੋਗਵੀਡ ਦਿਖਾਈ ਦੇਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਸੀਂ ਜਾਇੰਟ ਹੋਗਵੀਡ ਦੇਖਦੇ ਹੋ, ਤਾਂ ਇਸਨੂੰ ਇੱਕ ਅਣਚਾਹੇ ਜਾਂ ਨੁਕਸਾਨਦੇਹ ਤਰੀਕੇ ਨਾਲ ਫੈਲਣ ਵਾਲੀ ਪ੍ਰਜਾਤੀ ਵਜੋਂ ਰਿਪੋਰਟ ਕਰੋ। ਹੋਰ ਜਾਣਕਾਰੀ ਲਈ, www2.gov.bc.ca/gov/content/environment/plants-animals-ecosystems/invasive-species/reporting-invasive-species 'ਤੇ ਜਾਓ।

ਤੁਹਾਡੇ ਦੁਆਰਾ ਜਾਇੰਟ ਹੋਗਵੀਡ ਦੇਖਣ ਦੀ ਰਿਪੋਰਟ ਕਰਨ ਤੋਂ ਬਾਅਦ, ਪ੍ਰਤੀਕਿਰਿਆ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੱਥੇ ਰਹਿੰਦੇ ਹੋ। ਤੁਹਾਡੀ ਨਗਰਪਾਲਿਕਾ ਜਾਂ ਖੇਤਰੀ ਜ਼ਿਲ੍ਹਾ ਜਾਂ ਤਾਂ ਪੌਦੇ ਨੂੰ ਹਟਾ ਦੇਵੇਗਾ ਜਾਂ ਤੁਹਾਨੂੰ ਇਸਨੂੰ ਕਿਵੇਂ ਹਟਾਉਣਾ ਹੈ ਬਾਰੇ ਜਾਣਕਾਰੀ ਦੇਵੇਗਾ। ਜੇਕਰ ਤੁਹਾਡੀ ਨਗਰਪਾਲਿਕਾ ਜਾਂ ਖੇਤਰੀ ਜ਼ਿਲ੍ਹਾ ਇਹ ਸੇਵਾ ਪ੍ਰਦਾਨ ਨਹੀਂ ਕਰਦਾ ਹੈ, ਤਾਂ ਕਿਸੇ ਪੇਸ਼ੇਵਰ ਦੁਆਰਾ ਜਾਇੰਟ ਹੋਗਵੀਡ ਨੂੰ ਹਟਵਾਉਣਾ ਸਭ ਤੋਂ ਵਧੀਆ ਹੈ। ਤੁਹਾਡੇ ਇਲਾਕੇ ਵਿੱਚ ਜਾਇੰਟ ਹੋਗਵੀਡ ਨੂੰ ਹਟਾਉਣ ਜਾਂ ਉਸਦੇ ਨਿਪਟਾਰੇ ਲਈ ਵਿਸ਼ੇਸ਼ ਜ਼ਰੂਰਤਾਂ ਹੋ ਸਕਦੀਆਂ ਹਨ।

ਆਮ ਤੌਰ 'ਤੇ, ਅਪ੍ਰੈਲ ਦੇ ਅਖੀਰ ਜਾਂ ਮਈ ਦੇ ਸ਼ੁਰੂ ਵਿੱਚ ਜਾਇੰਟ ਹੋਗਵੀਡ ਨੂੰ ਹਟਾਉਣਾ ਸਭ ਤੋਂ ਵਧੀਆ ਹੈ ਕਿਉਂਕਿ ਨੌਜਵਾਨ ਪੌਦੇ ਛੋਟੇ ਹੋਣਗੇ ਅਤੇ ਤਾਪਮਾਨ ਠੰਡਾ ਹੋਵੇਗਾ ਜਿਸ ਨਾਲ ਸੁਰੱਖਿਆ ਵਾਲੇ ਕੱਪੜੇ ਪਹਿਨਣ ਵਿੱਚ ਵਧੇਰੇ ਆਰਾਮਦਾਇਕ ਹੋਣਗੇ। ਜਦੋਂ ਫੁੱਲਾਂ ਦੇ ਸਿਰ ਚਿੱਟੇ ਹੋ ਜਾਣ ਤਾਂ ਉਨ੍ਹਾਂ ਨੂੰ ਹਟਾ ਦਿਓ। ਜੇਕਰ ਉਹ ਹਰੇ ਹਨ, ਤਾਂ ਉਹਨਾਂ ਨੇ ਪਹਿਲਾਂ ਹੀ ਬੀਜ ਪੈਦਾ ਕਰਨੇ ਸ਼ੁਰੂ ਕਰ ਦਿੱਤੇ ਹਨ ਜੋ ਤੁਹਾਡੇ ਦੁਆਰਾ ਫੁੱਲਾਂ ਨੂੰ ਹਟਾਉਣ 'ਤੇ ਫੈਲ ਸਕਦੇ ਹਨ।

ਜਾਇੰਟ ਹੋਗਵੀਡ ਦੀ ਖਾਦ ਨਾ ਬਣਾਓ ਜਾਂ ਉਸ ਨੂੰ ਜਲਾਓ ਨਾ। ਅਧੂਰੀ ਖਾਦ ਬਣਾਉਣ ਜਾਂ ਜਲਾਉਣ ਨਾਲ ਪੌਦਾ ਨਹੀਂ ਮਰਦਾ, ਜੋ ਫਿਰ ਖਾਦ ਜਾਂ ਆਲੇ ਦੁਆਲੇ ਦੀ ਮਿੱਟੀ ਰਾਹੀਂ ਫੈਲ ਸਕਦਾ ਹੈ। ਜਾਇੰਟ ਹੋਗਵੀਡ ਨਾ ਖਰੀਦੋ ਅਤੇ ਨਾ ਹੀ ਆਪਣੇ ਯਾਰਡ ਜਾਂ ਬਾਗ਼ ਵਿੱਚ ਲਗਾਓ।

ਜਾਇੰਟ ਹੋਗਵੀਡ ਨੂੰ ਹਟਾਉਣ ਬਾਰੇ ਹੋਰ ਜਾਣਕਾਰੀ ਲਈ, www.quebec.ca/en/housing-territory/healthy-living-environment/identifying-and-getting-rid-of-giant-hogweed 'ਤੇ ਜਾਓ।

## ਜਾਇੰਟ ਹੋਗਵੀਡ ਨੂੰ ਹਟਾਉਂਦੇ ਸਮੇਂ ਮੈਨੂੰ ਕੀ ਪਹਿਨਣਾ ਚਾਹੀਦਾ ਹੈ?

ਕਿਸੇ ਪੇਸ਼ੇਵਰ ਦੁਆਰਾ ਜਾਇੰਟ ਹੋਗਵੀਡ ਨੂੰ ਹਟਵਾਉਣਾ ਸਭ ਤੋਂ ਵਧੀਆ ਹੈ।

ਜੇਕਰ ਤੁਸੀਂ ਇਸਨੂੰ ਖੁਦ ਹਟਾਉਣ ਦੀ ਚੋਣ ਕਰਦੇ ਹੋ ਤਾਂ:

- ਪੌਦੇ ਦੇ ਕਿਸੇ ਵੀ ਹਿੱਸੇ ਨੂੰ ਆਪਣੀ ਚਮੜੀ ਨਾਲ ਨਾ ਛੂਹਣ ਦਾ ਖਾਸ ਧਿਆਨ ਰੱਖੋ।
- ਯਕੀਨੀ ਬਣਾਓ ਕਿ ਤੁਹਾਡੀ ਚਮੜੀ ਪੂਰੀ ਤਰ੍ਹਾਂ ਮੋਟੇ, ਪਾਣੀ-ਰੋਧਕ ਕੱਪੜਿਆਂ, ਜੁੱਤੀਆਂ ਅਤੇ ਦਸਤਾਨਿਆਂ ਨਾਲ ਢੱਕੀ ਹੋਈ ਹੈ
- ਆਪਣੀਆਂ ਅੱਖਾਂ ਵਿੱਚ ਰਸ ਜਾਣ ਤੋਂ ਰੋਕਣ ਲਈ ਚਸ਼ਮਾ ਪਹਿਨੋ

## ਹੋਰ ਜਾਣਕਾਰੀ ਲਈ

- ਕਾਮਿਆਂ ਲਈ ਜਾਣਕਾਰੀ: www.worksafebc.com/en/resources/health-safety/information-sheets/toxic-plant-warning/severe-skin-damage-from-giant-hogweed-heracleum-mantegazzianum?lang=en
- ਪ੍ਰਬੰਧਨ ਬਾਰੇ ਵਾਧੂ ਜਾਣਕਾਰੀ: https://bcinvasives.ca/wp-content/uploads/2020/12/Giant_Hogweed_TIPS_2017_WEB.pdf (PDF, 758 KB)

BC Centre for Disease Control
Provincial Health Services Authority